# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :15-01-2026**

*ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ*

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹੈ ਕਿ ਸਿੱਖਿਆ ਸਿਰਫ਼ ਉਪਜੀਵਿਕਾ ਦਾ ਸਾਧਨ ਹੀ ਨਹੀਂ, ਸਗੋਂ ਸਮਾਜ ਅਤੇ ਰਾਸ਼ਟਰ ਦੀ ਸੇਵਾ ਦਾ ਸਾਧਨ ਵੀ ਏ। ਓਹਨਾਂ ਅੱਜ ਅੰਮ੍ਰਿਤਸਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਨਵੋਕੇਸ਼ਨ ਸਮਾਰੋਹ ਨੂੰ ਸੰਬੋਧਨ ਕੀਤਾ.

- ਅੱਜ 78ਵਾਂ ਸੇਨਾ ਦਿਵਸ ਏ. ਪੰਜਾਬ ਸਮੇਤ ਦੇਸ਼ ਭਰ ਵਿਚ ਸੇਨਾ ਦਿਵਸ ਸਮਾਰੋਹਾਂ ਰਾਹੀਂ ਸਰਹੱਦਾਂ 'ਤੇ ਡਟੇ ਰਹਿਣ ਵਾਲੇ ਬਹਾਦਰ ਜਵਾਨਾਂ ਦੇ ਹੌਸਲੇ ਨੂੰ ਸਲਾਮ ਕੀਤਾ ਗਿਆ.

- ਪੰਜਾਬ ਦੇ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਅੱਜ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਏ.

- ਸਵੈ-ਸਹਾਇਤਾ ਸਮੂਹਾਂ, ਕਾਰੀਗਰਾਂ, ਅਤੇ ਛੋਟੇ ਸਨਅਤਕਾਰਾਂ ਲਈ ਪੰਜਾਬ ਸਖੀ ਸ਼ਕਤੀ ਮੇਲਾ ਭਲਕੇ 16 ਜਨਵਰੀ ਤੋਂ ਕੋਟਕਪੂਰਾ ਵਿਖੇ ਕਰਾਇਆ ਜਾ ਰਿਹਾ ਏ।

- ਭਾਰਤੀ ਮੌਸਮ ਵਿਭਾਗ ਨੇ ਅੱਜ ਚੰਡੀਗੜ੍ਹ ਤੇ ਹਰਿਆਣਾ ਵਿੱਚ ਸੰਘਣੀ ਤੋਂ ਬੇਹਦ ਸੰਘਣੀ ਧੁੰਦ ਲਈ RED ALERT ਜਾਰੀ ਕੀਤਾ ਏ.

## ***ਹੁਣ ਖਬਰਾਂ ਵਿਸਥਾਰ ਨਾਲ***

ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਵਿਦਿਆਰਥੀਆਂ ਨੂੰ ਇਹ ਯਾਦ ਰੱਖਣ ਲਈ ਕਿਹੈ ਕਿ ਸਿੱਖਿਆ ਸਿਰਫ਼ ਉਪਜੀਵਿਕਾ ਦਾ ਸਾਧਨ ਹੀ ਨਹੀਂ, ਸਗੋਂ ਸਮਾਜ ਅਤੇ ਰਾਸ਼ਟਰ ਦੀ ਸੇਵਾ ਦਾ ਸਾਧਨ ਵੀ ਏ । ਉਹ ਅੱਜ ਅੰਮ੍ਰਿਤਸਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 50ਵੇਂ ਕਨਵੋਕੇਸ਼ਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵਿਦਿਆਰਥੀ ਉਸ ਸਮਾਜ ਪ੍ਰਤੀ ਕਰਜ਼ਦਾਰ ਨੇ ਜਿਸਨੇ ਉਨ੍ਹਾਂ ਦੀ ਸਿੱਖਿਆ ਵਿੱਚ ਯੋਗਦਾਨ ਪਾਇਆ ਏ । ਵਿਕਾਸ ਯਾਤਰਾ ਵਿੱਚ ਪਿੱਛੇ

ਰਹਿ ਗਏ ਲੋਕਾਂ ਨੂੰ ਉੱਚਾ ਚੁੱਕਣ ਲਈ ਯਤਨ ਕਰਨਾ ਉਨ੍ਹਾਂ ਦੇ ਕਰਜ਼ਿਆਂ ਨੂੰ ਚੁਕਾਉਣ ਦੇ ਤਰੀਕਿਆਂ ਵਿੱਚੋਂ ਇੱਕ ਹੋ ਸਕਦਾ ਏ।

BYTE

ਰਾਸ਼ਟਰਪਤੀ ਨੇ ਕਿਹਾ ਕਿ ਰਸਮੀ ਸਿੱਖਿਆ ਪੂਰੀ ਕਰਨ ਤੋਂ ਬਾਅਦ, ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨਗੇ ਜਾਂ ਆਪਣਾ ਉੱਦਮ ਸ਼ੁਰੂ ਕਰਨਗੇ।

BYTE

ਰਾਸ਼ਟਰਪਤੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਿੱਖਣ ਦੀ ਨਿਰੰਤਰ ਇੱਛਾ ਅਤੇ ਇਸ ਪ੍ਰਤੀ ਝੁਕਾਅ, ਮੁਸ਼ਕਲ ਹਾਲਾਤ ਵਿੱਚ ਵੀ ਨੈਤਿਕ ਕਦਰਾਂ-ਕੀਮਤਾਂ ਦੀ ਦ੍ਰਿੜਤਾ ਨਾਲ ਪਾਲਣਾ, ਤੇ ਈਮਾਨਦਾਰੀ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਏ ਜੋ ਹਰ ਖੇਤਰ ਵਿੱਚ ਤਰੱਕੀ ਲਈ ਬਰਾਬਰ ਤੌਰ ‘ਤੇ ਜ਼ਰੂਰੀ ਅਤੇ ਮਦਦਗਾਰ  ਨੇ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਤਬਦੀਲੀ ਨੂੰ ਅਪਣਾਉਣ ਅਤੇ ਨਾ ਸਿਰਫ਼ ਵਿਅਕਤੀਗਤ ਲਾਭ ਲਈ, ਸਗੋਂ ਵੱਡੇ ਪਧਰ ‘ਤੇ ਸਮਾਜ ਅਤੇ ਰਾਸ਼ਟਰ ਦੇ ਭਲੇ ਲਈ ਵੀ ਸਿੱਖਣ ਦੀ ਲੋੜ ਏ. ਰਾਸ਼ਟਰਪਤੀ, ਜਿਨ੍ਹਾਂ ਨੇ ਕਨਵੋਕੇਸ਼ਨ ਦੌਰਾਨ ਕੁਝ ਚੋਟੀ ਦੇ ਗ੍ਰੈਜੂਏਟਾਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਸਨ, ਨੂੰ ਸਨਮਾਨਿਤ ਕੀਤਾ, ਨੇ ਗੁਰੂ ਨਾਨਕ ਦੇਵ ਜੀ ਦੀਆਂ,

ਔਰਤਾਂ ਨੂੰ ਸਮਾਜ ਵਿੱਚ ਬਰਾਬਰ ਅਧਿਕਾਰ ਦਿੱਤੇ ਜਾਣੇ ਬਾਰੇ ਸਿੱਖਿਆਵਾਂ 'ਤੇ ਚਲਣ ਲਈ ਯੂਨੀਵਰਸਿਟੀ ਦੀ ਸ਼ਲਾਘਾ ਕੀਤੀ. ਉਨ੍ਹਾਂ ਕਿਹਾ ਕਿ ਇਹ ਸਮਾਜ ਅਤੇ ਦੇਸ਼ ਦੇ ਹਿੱਤ ਵਿੱਚ ਏ ਕਿ ਔਰਤਾਂ ਨੂੰ ਪੂਰੇ ਵਿਸ਼ਵਾਸ ਨਾਲ ਅੱਗੇ ਵਧਣ ਦੇ ਮੌਕੇ ਮਿਲਣ, ਅਤੇ ਹਰ ਕਿਸੇ ਨੂੰ ਇਸ ਲਈ ਯਤਨਸ਼ੀਲ ਹੋਣਾ ਚਾਹੀਦਾ ਏ।

-----------------------------------------------------------------------

ਇਸ ਸਮਾਰੋਹ 'ਚ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ, ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ, ਪਾਰਲੀਮੈਂਟ ਮੈਂਬਰ ਸ੍ਰੀ ਵਿਕਰਮਜੀਤ ਸਿੰਘ ਸਾਹਨੀ ਤੇ ਹੋਰ ਪਤਵੰਤੇ ਮੌਜੂਦ ਸਨ. ਭਲਕੇ ਰਾਸ਼ਟਰਪਤੀ ਜਲੰਧਰ ਦੇ ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ 21ਵੇਂ ਕਨਵੋਕੇਸ਼ਨ 'ਤੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਨਗੇ। ਸਾਡੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਉਹ ਸੰਸਥਾ ਵਿੱਚ ਇੱਕ ਉੱਚੇ ਰਾਸ਼ਟਰੀ ਝੰਡੇ ਅਤੇ ਸਾਈਬਰ ਸੁਰੱਖਿਆ ਅਤੇ 5G ਤੇ ਇਸ ਤੋਂ ਪਰ੍ਹਾਂ ਲਈ ਦੋ ਸੈਂਟਰ ਆਫ਼ ਐਕਸੀਲੈਂਸ ਦਾ ਉਦਘਾਟਨ ਵੀ ਕਰਨਗੇ।

-----------------------------------------------------------------------

ਅੱਜ 78ਵਾਂ ਸੇਨਾ ਦਿਵਸ ਏ. ਇਸ ਮੌਕੇ ਨੂੰ ਮਨਾਉਣ ਲਈ ਜੈਪੁਰ ਦੇ ਜਗਤਪੁਰਾ ਵਿੱਚ ਇੱਕ ਸ਼ਾਨਦਾਰ ਪਰੇਡ ਕਰਾਈ ਗਈ.

BYTE

ਫੌਜ ਮੁਖੀ ਜਨਰਲ ਉਪੇਂਦ੍ਰ ਦਿਵੇਦੀ ਨੇ ਇਸ ਮੌਕੇ ਦੇਸ਼ ਦੀ ਸੇਵਾ ਵਿੱਚ ਸਰ੍ਬਚ ਕੁਰਬਾਨੀ ਦੇਣ ਵਾਲੇ ਬਹਾਦਰ ਸੈਨਿਕਾਂ ਦੇ ਪਰਿਵਾਰਾਂ ਨੂੰ ਫੌਜ ਮੈਡਲ ਪ੍ਰਦਾਨ ਕੀਤੇ। ਜਨਰਲ ਉਪੇਂਦ੍ਰ ਦ੍ਵਿਵੇਦੀ ਨੇ ਕਿਹਾ ਕਿ ਭਾਰਤੀ ਫੌਜ ਮੌਜੂਦਾ ਚੁਣੌਤੀਆਂ ਦੇ ਨਾਲ-ਨਾਲ ਭਵਿੱਖ ਦੀਆਂ ਜ਼ਰੂਰਤਾਂ ਲਈ ਵੀ ਆਪਣੇ ਆਪ ਨੂੰ ਤਿਆਰ ਕਰ ਰਹੀ ਏ. ਇਸ ਮੌਕੇ, ਰਾਸ਼ਟਰਪਤੀ ਦ੍ਰੌਪਦੀ ਮੁਰਮੂ, ਉਪ – ਰਾਸ਼ਟਰਪਤੀ C. P RADHAKRISHNAN ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬਹਾਦਰ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਨੇ । ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਮੌਕੇ ਸੋਸ਼ਲ ਮੀਡਿਆ ਪੋਸਟ ਰਾਹੀਂ ਦੇਸ਼ ਦੀ ਰੱਖਿਆ ਲਈ ਦਿਨ-ਰਾਤ ਸਰਹੱਦਾਂ 'ਤੇ ਡਟੇ ਰਹਿਣ ਵਾਲੇ ਬਹਾਦਰ ਜਵਾਨਾਂ ਦੇ ਹੌਸਲੇ ਤੇ ਜਜ਼ਬੇ ਨੂੰ ਸਲਾਮ ਕੀਤਾ. ਪੰਜਾਬ ‘ਚ ਵਜਰਾ ਕੋਰ ਨੇ 10ਵੇਂ ਰੱਖਿਆ ਸੇਵਾਵਾਂ ਵੈਟਰਨਜ਼ ਦਿਵਸ ਨੂੰ ਸੰਜੀਦਗੀ, ਨਿੱਘ ਅਤੇ ਦੋਸਤੀ ਦੀ ਡੂੰਘੀ ਭਾਵਨਾ ਨਾਲ ਮਨਾਇਆ, ਜਿਥੇ ਭਾਰਤ ਦੇ ਸਾਬਕਾ ਸੈਨਿਕਾਂ ਦੀ ਅਦੁੱਤੀ ਭਾਵਨਾ, ਨਿਰਸਵਾਰਥ ਸੇਵਾ ਅਤੇ ਸਥਾਈ ਵਿਰਸੇ ਨੂੰ ਦਿਲੋਂ ਸ਼ਰਧਾਂਜਲੀ ਭੇਂਟ ਕੀਤੀ। ਵਜਰਾ ਸੈਨਿਕ ਇੰਸਟੀਚਿਊਟ ਵਿਖੇ ਗੱਲਬਾਤ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 280 ਤੋਂ ਵੱਧ ਸਾਬਕਾ ਸੈਨਿਕ, ਵੀਰ ਨਾਰੀਆਂ ਅਤੇ ਪਰਿਵਾਰਕ ਮੈਂਬਰ ਇਕੱਠੇ ਹੋਏ। ਵਜਰਾ ਕੋਰ ਦੇ ਚੀਫ਼ ਆਫ਼

ਸਟਾਫ਼, ਮੇਜਰ ਜਨਰਲ ਅਤੁਲ ਭਦੌਰੀਆ ਨੇ ਇਕੱਠ ਦਾ ਨਿੱਘਾ ਸਵਾਗਤ ਕੀਤਾ ਅਤੇ ਰਾਸ਼ਟਰ ਦੀ ਸੇਵਾ ਵਿੱਚ ਉਨ੍ਹਾਂ ਦੀ ਹਿੰਮਤ, ਅਤੇ ਬੇਅੰਤ ਕੁਰਬਾਨੀਆਂ ਲਈ ਡੂੰਘਾ ਧੰਨਵਾਦ ਪ੍ਰਗਟ ਕੀਤਾ।

-----------------------------------------------------------------------

ਪੰਜਾਬ ਦੇ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਅੱਜ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਏ. ਸ੍ਰੀ ਅਕਾਲ ਤਖਤ ਸਾਹਿਬ ਅੱਗੇ ਆਪਣਾ ਪੱਖ ਰੱਖਣ ਉਪਰੰਤ, ਮੁਖ ਮੰਤਰੀ ਨੇ ਮੀਡੀਆ ਨੂੰ ਸੰਬੋਧਨ ਕੀਤਾ । ਉਨ੍ਹਾਂ ਨੇ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਉਨ੍ਹਾਂ  ਸੰਬਧੀ ਜੋ ਵੀ ਸ਼ਿਕਾਇਤ ਏ , ਉਸ ਸੰਬਧੀ ਉਨ੍ਹਾਂ ਨੇ ਆਪਣਾ ਪੱਖ ਰੱਖ ਕੇ ਸਾਰਾ ਰਿਕਾਰਡ, ਸਬੂਤਾ ਸਮੇਤ ਜਮਾ ਕਰਵਾ ਦਿੱਤਾ ਏ। ਬੀਤੇ ਦਿਨੀ ਸਿੱਖ ਰਹਿਤ ਮਰਿਆਦਾ, ਦਸਵੰਧ, ਗੁਰਦੁਆਰਾ ਪ੍ਰਬੰਧ, ਗੋਲਕ ਅਤੇ ਪਿਛਲੀਆਂ ਕੁਝ ਵੀਡੀਓਜ਼ ਸਬੰਧੀ ਮਸਲੇ ਚਰਚਾ ਵਿੱਚ ਆਏ ਸਨ । ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮੁੱਖ ਮੰਤਰੀ ਨੇ ਇਹ ਮੰਨਿਆ ਕਿ ਉਨ੍ਹਾਂ ਨੂੰ ਸਿੱਖ ਰਹਿਤ ਮਰਿਆਦਾ ਅਤੇ ਸਿੱਖ ਸਿਧਾਂਤਾਂ ਬਾਰੇ ਪੂਰੀ ਜਾਣਕਾਰੀ ਨਹੀਂ ਸੀ ਅਤੇ ਉਨ੍ਹਾਂ ਨੇ ਭਵਿੱਖ ਵਿੱਚ ਧਾਰਮਿਕ ਮਸਲਿਆਂ ‘ਤੇ ਬਿਨਾਂ ਸੋਚੇ-ਸਮਝੇ ਟਿੱਪਣੀ ਨਾ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ

ਕਿਹਾ ਕਿ ਅਕਾਲ ਤਖਤ ਸਾਹਿਬ ਹਰ ਉਸ ਵਿਅਕਤੀ ਲਈ ਖੁੱਲਾ ਏ ਜੋ ਨਿਮਰਤਾ ਨਾਲ ਆਪਣਾ ਪੱਖ ਰੱਖਣ ਆਉਂਦਾ ਏ।

---------------------------------------------------------------------

ਪਟਿਆਲਾ ਦੀ ਵਿਰਾਸਤੀ ਇਮਾਰਤ ਸ਼ੀਸ਼ ਮਹਿਲ 'ਚ ਇਸ ਵਾਰ 21 ਫਰਵਰੀ ਤੋਂ 2 ਮਾਰਚ ਤੱਕ ਦਸਤਕਾਰੀ ਮੇਲਾ ਅਤੇ ਸਖੀ ਸ਼ਕਤੀ ਮੇਲਾ ਲੱਗੇਗਾ। ਇਸ ਮੇਲੇ ਦਾ ਖਾਕਾ ਤਿਆਰ ਕਰਨ ਲਈ, ਦਿਹਾਤੀ ਵਿਕਾਸ ਬਾਰੇ ਵਧੀਕ ਡਿਪਟੀ ਕਮਿਸ਼ਨਰ, ADC ਦਮਨਜੀਤ ਸਿੰਘ ਮਾਨ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕਰਕੇ, ਨੋਡਲ ਅਫ਼ਸਰਾਂ ਦੀ ਅਗਵਾਈ ਹੇਠ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਅਹਿਦ  ਤਹਿਤ, ਇਸ ਦਸਤਕਾਰੀ ਮੇਲੇ ਅਤੇ ਸਖੀ ਸ਼ਕਤੀ ਮੇਲੇ ਦੀਆਂ ਤਿਆਰੀਆਂ ਹੁਣੇ ਤੋਂ ਵਿੱਢ ਦਿੱਤੀਆਂ ਗਈਆਂ ਨੇ।  ਇਸ ਦੌਰਾਨ ਪੰਜਾਬ ਸਖੀ ਸ਼ਕਤੀ ਮੇਲਾ ਭਲਕੇ 16 ਜਨਵਰੀ ਤੋਂ 18 ਜਨਵਰੀ ਤੱਕ ਕੋਟਕਪੂਰਾ ਵਿਖੇ ਡਾ. ਹਰੀ ਸਿੰਘ ਸੇਵਕ ਸਕੂਲ ਆਫ਼ ਐਮੀਨੈਂਸ ਵਿਖੇ ਵੀ ਕਰਵਾਇਆ ਜਾ ਰਿਹਾ ਏ। ਇਸ ਬਾਰੇ  ਫਰੀਦਕੋਟ ਦੇ ਡਿਪਟੀ ਕਮਿਸ਼ਨਰ, ਪੂਨਮਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ, ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ ਅਤੇ ਮੇਲੇ

ਦਾ ਉਦਘਾਟਨ ਕਰਨਗੇ। ਉਨ੍ਹਾਂ ਦੱਸਿਆ ਕਿ ਇਹ ਮੇਲਾ, ਔਰਤਾਂ ਦੇ ਸਵੈ-ਸਹਾਇਤਾ ਸਮੂਹਾਂ, ਕਾਰੀਗਰਾਂ, ਛੋਟੇ ਸਨਅਤਕਾਰਾਂ ਅਤੇ ਸਥਾਨਕ ਉੱਦਮੀਆਂ ਲਈ ਆਪਣੇ ਉਤਪਾਦ ਸਿੱਧੇ ਤੌਰ 'ਤੇ ਲੋਕਾਂ ਤੱਕ ਪਹੁੰਚਾਉਣ ਲਈ ਇੱਕ ਮਹੱਤਵਪੂਰਨ ਮੰਚ ਸਾਬਤ ਹੋਵੇਗਾ।

---------------------------------------------------------------------------

ਸੂਖਮ, ਲਘੂ ਅਤੇ ਦਰਮਿਆਨੇ ਉਦਮਾਂ, MSME ਬਾਰੇ ਮੰਤਰਾਲੇ ਅਤੇ ਸਨਅਤ ਵਿਭਾਗ, ਚੰਡੀਗੜ੍ਹ ਨੇ ਅੱਜ ਸੈਕਟਰ 28-C ਵਿੱਚ, ਸਰਕਾਰੀ ਆਈ.ਟੀ.ਆਈ. ਵਿਖੇ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਤਹਿਤ, ਇੱਕ ਜਾਗਰੂਕਤਾ ਪ੍ਰੋਗਰਾਮ ਕਰਾਇਆ। ਇਸ ਪ੍ਰੋਗਰਾਮ ਵਿੱਚ, ਕੁੱਲ 80 ਰਜਿਸਟਰਡ ਕਾਰੀਗਰਾਂ ਅਤੇ ਹੋਰਾਂ ਨੇ ਹਿੱਸਾ ਲਿਆ।

---------------------------------------------------------------------------

ਭਾਰਤੀ ਮੌਸਮ ਵਿਭਾਗ (IMD) ਨੇ ਅੱਜ ਹਰਿਆਣਾ, ਚੰਡੀਗੜ੍ਹ ਵਿੱਚ ਸੰਘਣੀ ਤੋਂ ਬੇਹਦ ਸੰਘਣੀ ਧੁੰਦ ਲਈ RED ALERT ਜਾਰੀ ਕੀਤਾ ਏ. ਮੌਸਮ ਵਿਭਾਗ ਨੇ ਅਗਲੇ ਦੋ ਦਿਨਾਂ ਦੌਰਾਨ ਜੰਮੂ-ਕਸ਼ਮੀਰ, ਲੱਦਾਖ, ਤੇ ਹਿਮਾਚਲ ਪ੍ਰਦੇਸ਼, ਵਿੱਚ ਵੀ ਸੰਘਣੀ ਧੁੰਦ ਦੀ ਸੰਭਾਵਨਾ ਜਤਾਈ ਏ.

---------------------------------------------------------------------------

ਪਿਛਲੇ ਦਿਨੀ ਨੈਸ਼ਨਲ ਸਕੂਲ ਗੇਮਸ ਵਿੱਚ, ਗੁਰਦਾਸਪੁਰ ਦੇ ਰਾਣੀ ਲਕਸ਼ਮੀ ਬਾਈ ਜੁੱਡੋ ਸੈਂਟਰ ਵਿੱਚ ਕੋਚਿੰਗ ਲੈ ਰਹੀਆਂ ਕਈ ਹੋਣਹਾਰ ਕੁੜੀਆਂ ਨੇ ਤਮਗੇ ਹਾਸਲ ਕੀਤੇ ਨੇ। ਤਮਗੇ ਹਾਸਲ ਕਰਕੇ ਵਾਪਸ ਪਰਤੀਆਂ ਇਹਨਾਂ ਕੁੜੀਆਂ ਦਾ, ਸ਼ਹੀਦ ਭਗਤ ਸਿੰਘ ਜੁੱਡੋ ਸੈਂਟਰ ਵੱਲੋਂ ਇੱਕ ਸਮਾਗਮ ਕਰਵਾ ਕੇ, ਸਨਮਾਨ ਕੀਤਾ ਗਿਆ। ਸਮਾਗਮ ਵਿੱਚ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ, ਡਾਕਟਰ ਤ੍ਰਿਪਤਕ ਪ੍ਰੀਤ ਕੌਰ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ |

---

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹੈ ਕਿ ਸਿੱਖਿਆ ਸਿਰਫ਼ ਉਪਜੀਵਿਕਾ ਦਾ ਸਾਧਨ ਹੀ ਨਹੀਂ, ਸਗੋਂ ਸਮਾਜ ਅਤੇ ਰਾਸ਼ਟਰ ਦੀ ਸੇਵਾ ਦਾ ਸਾਧਨ ਵੀ ਏ । ਓਹਨਾਂ ਅੱਜ ਅੰਮ੍ਰਿਤਸਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਨਵੋਕੇਸ਼ਨ ਸਮਾਰੋਹ ਨੂੰ ਸੰਬੋਧਨ ਕੀਤਾ.

- ਅੱਜ 78ਵਾਂ ਸੇਨਾ ਦਿਵਸ ਏ. ਪੰਜਾਬ ਸਮੇਤ ਦੇਸ਼ ਭਰ ਵਿਚ ਸੇਨਾ ਦਿਵਸ ਸਮਾਰੋਹਾਂ ਰਾਹੀਂ ਸਰਹੱਦਾਂ 'ਤੇ ਡਟੇ ਰਹਿਣ ਵਾਲੇ ਬਹਾਦਰ ਜਵਾਨਾਂ ਦੇ ਹੌਸਲੇ ਨੂੰ ਸਲਾਮ ਕੀਤਾ ਗਿਆ.

- ਪੰਜਾਬ ਦੇ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਅੱਜ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋਏ.

- ਸਵੈ-ਸਹਾਇਤਾ ਸਮੂਹਾਂ, ਕਾਰੀਗਰਾਂ, ਅਤੇ ਛੋਟੇ ਸਨਅਤਕਾਰਾਂ ਲਈ ਪੰਜਾਬ ਸਖੀ ਸ਼ਕਤੀ ਮੇਲਾ ਭਲਕੇ 16 ਜਨਵਰੀ ਤੋਂ ਕੋਟਕਪੂਰਾ ਵਿਖੇ ਕਰਾਇਆ ਜਾ ਰਿਹਾ ਏ।

- ਭਾਰਤੀ ਮੌਸਮ ਵਿਭਾਗ ਨੇ ਅੱਜ ਚੰਡੀਗੜ੍ਹ ਤੇ ਹਰਿਆਣਾ ਵਿੱਚ ਸੰਘਣੀ ਤੋਂ ਬੇਹਦ ਸੰਘਣੀ ਧੁੰਦ ਲਈ RED ALERT ਜਾਰੀ ਕੀਤਾ ਏ.

-----------------------------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ**

**ਨਮਸਕਾਰ !**